# ਨਿਕਟਿ ਹਰਿ ਨਿਕਟਿ ਹੀ ਬਸਤੇ

ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ

ੴ ਸਤਿ ਗੁਰ ਪ੍ਰਸਾਦਿ

ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ
ਮਨਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ
ਟੇਕ ਸਭ ਦਿਨਸੁ ਸਭ ਰਾਤਿ ॥੧॥ ਰਹਾਉ ॥

ਇਹ ਸ਼ਬਦ, ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਸਾਰੰਗ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਜੋ ਪੰਨਾ ੧੨੦੦ ਤੇ ਸੁਭਾਇਮਾਨ ਹੈ। ਇਹ ਸ਼ਬਦ, ਇਕ ਪੜਤਾਲ ਹੈ। ਪੜਤਾਲ, ਇਕ ਗਾਇਕੀ ਹੈ ਜਿਸ ਵਿਚ, ਰਹਾਉ ਦਾ ਪਦਾ, ਇਕ ਤਾਲ ਵਿਚ ਅਤੇ ਬਾਕੀ ਪਦੇ ਵਖ ਵਖ ਤਾਲ ਵਿਚ ਗਾਏ ਜਾਣ ਦੀ ਰਵਾਇਤ ਹੈ। ਪਰ ਪੁਰਾਤਨ ਸਮੇਂ, ਪੜਤਾਲਾਂ ਰੀਤਾਂ ਵਿਚ ਗਾਈਆਂ ਜਾਂਦੀਆਂ ਸਨ, ਜੋ ਸਿਖਾਂ ਦੀ ਗਲਤੀ ਨਾਲ ਅਲੋਪ ਹੋ ਚੁਕੀਆਂ ਹਨ।

ਇਸ ਸ਼ਬਦ ਦੇ ਅਰੰਭ ਵਿਚ, ਮੰਗਲਾਚਰਣ ਦਾ ਚੌਥਾ ਸਰੂਪ ਅੰਕਤ ਕੀਤਾ ਗਿਆ ਹੈ।

-- ਸ੍ਰੀ ਗੁਰੂ ਰਾਮਦਾਸ ਸਾਹਿਬ ਬਚਨ ਫ਼ਰਮਾਉਂਦੇ ਹਨ ਕਿ ਹੇ ਮੇਰੇ ਮਨ ! ਮੇਰੀ, ਜਗਤ ਦੇ ਨਾਥ, ਸੁਆਮੀ, ਜਗਤ ਦੇ ਈਸ਼ਵਰ, ਜਗਤ ਦੇ ਜੀਵਨ, ਮਨ ਨੂੰ ਮੋਹ ਲੈਣ ਵਾਲੇ ਨਾਲ ਪ੍ਰੀਤ ਲਗ ਗਈ ਹੈ, ਤੂੰ ਉਸ ਨੂੰ ਸਿਮਰਿਆ ਕਰ, ਕਿਉਂਕਿ ਮੈਨੂੰ ਤਾਂ ਦਿਨੇ ਰਾਤੀਂ, ਵਾਹਗੁਰੂ ਵਾਹਗੁਰੂ ਵਾਹਗੁਰੂ... ਸਿਮਰਣ ਦੀ ਹੀ ਟੇਕ ਹੈ, ਆਸਰਾ ਹੈ, ਇਸ ਲਈ ਮੈਂ ਦਿਨੇ ਰਾਤ ਉਸੇ ਨੂੰ ਜਪਦਾ ਹਾਂ।੧।ਰਹਾਉ।

ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ
ਗਾਵਤ ਸੁਕ ਨਾਰਦ ਬ੍ਰਹਮਾਦਿਕ ਤਵ ਗੁਨ ਸੁਆਮੀ
ਗਨਿਨ ਨ ਜਾਤਿ ॥

-- ਉਸ ਹਰੀ, ਪ੍ਰਭੂ ਦੀ ਵਡਿਆਈ ਬਹੁਤ ਬਹੁਤ ਹੈ, ਹੇ ਸੁਆਮੀ ! ਤੇਰੇ ਅਨੇਕਾਂ ਗੁਣ, ਰਿਖੀ ਸੁਕਦੇਉ, ਨਾਰਦ ਅਤੇ ਬ੍ਰਹਮਾ ਆਦਿਕ ਦੇਵਤੇ ਗਾਉਂਦੇ ਹਨ, ਫ਼ਿਰ ਵੀ ਤੇਰੇ ਗੁਣ ਇਤਨੇ ਜ਼ਿਆਦਾ ਹਨ ਕਿ ਗਿਣੇ ਹੀ ਨਹੀਂ ਜਾਂਦੇ। ਇਤਿਹਾਸਕ ਤੌਰ ਤੇ, ਇਹ ਸ੍ਰੀ ਕ੍ਰਿਸ਼ਨ ਜੀ ਨੂੰ ਗੁਰ-ਜੋਤਿ ਮੰਨ ਕੇ, ਉਸ ਰੂਪ ਵਿਚ ਪ੍ਰਭੂ ਦਾ ਗੁਣਗਾਨ ਕਰਦੇ ਰਹੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੭੩ ਤੇ, ਫ਼ੁਰਮਾਣ ਕਰਦੇ ਹਨ ਕਿ ਤੇਰੇ ਅਨੇਕਾਂ ਗੁਣ ਹਨ ਜੋ ਸਦਾ ਕਾਇਮ ਰਹਿਣ ਵਾਲੇ ਹਨ, ਮੈਂ ਤਾਂ ਰਾਤ ਦਿਨ ਉਹ ਸਿਮਰਦਾ ਰਹਿੰਦਾ ਹਾਂ - 'ਤੇਰੀਆ ਸਦਾ ਸਦਾ ਚੰਗਿਆਈਆ।। ਮੈ ਰਾਤਿ ਦਿਹੈ ਵਡਿਆਈਆਂ।।' ਪੰਨਾ ੭੩੫ ਤੇ ਵੀ ਪਾਤਸ਼ਾਹ ਦਾ ਅਜਿਹਾ ਹੀ ਫ਼ੁਰਮਾਣ ਹੈ ਕਿ ਪਰਮੇਸ਼ਰ ਦੇ ਗੁਣ ਬੇਅੰਤ ਹਨ, ਕਿਹੜੇ ਕਿਹੜੇ ਵਰਣਨ ਕਰੀਏ, ਕੀਤੇ ਹੀ ਨਹੀਂ ਜਾ ਸਕਦੇ, ਤੇਰੀ ਮਹਿਮਾ ਬਹੁਤ ਉਚੀ ਹੈ - 'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ।। ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ।।' ਪੰਜਵੇਂ ਪਾਤਸ਼ਾਹ, ਪੰਨਾ ੨੯੮ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਉਤਮ, ਉਚੇ ਪਾਰਬ੍ਰਹਮ, ਤੇਰੇ ਅਨੇਕ ਗੁਣ ਹਨ ਜਿਨ੍ਹਾਂ ਦਾ ਅੰਤ, ਸੇਖਨਾਗ ਨੇ ਵੀ ਨਹੀਂ ਜਾਣਿਆ, ਜੋ ਅਨੇਕਾਂ ਜੀਭਾਂ ਨਾਲ ਸਦਾ ਤੇਰੇ ਗੁਣਾਂ ਦਾ ਗਾਇਨ, ਭਾਵ, ਸਿਮਰਣ ਕਰਦਾ ਰਹਿੰਦਾ ਹੈ। ਇਸੇ ਤਰ੍ਹਾਂ ਹੀ ਮੁਨੀ ਨਾਰਦ, ਭਗਤ ਸੁਕਦੇਉ ਅਤੇ ਰਿਖੀ ਬਿਆਸ ਵੀ ਤੇਰਾ ਜਸ ਗਾਉਂਦੇ ਹਨ - 'ਊਤਮੁ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ।। ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।।' ਕਬੀਰ ਸਾਹਿਬ ਵੀ ਫ਼ੁਰਮਾਣ ਕਰਦੇ ਹਨ ਕਿ ਇਨ੍ਹਾਂ ਤਿੰਨੋਂ ਮਹਾਂਪੁਰਖਾਂ ਨੇ ਵੀ ਇਹੀ ਉਪਦੇਸ਼ ਦਿਤਾ ਹੈ ਕਿ ਮਨੁਖ ਦਾ ਪਾਰ ਉਤਾਰਾ, ਸਿਰਫ਼ ਰਾਮ ਪ੍ਰਭੂ ਦਾ ਨਾਮ ਸਿਮਰਿਆਂ ਹੀ ਸੰਭਵ ਹੈ, ਵਰਨਾ ਡੁਬੇ ਸਮਝੋ - 'ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ।। ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ।।', ਪੰਨਾ ੧੧੦੩. ਸਿਮਰਣ ਦੇ ਉਪਦੇਸ਼ ਹਿਤ, ਇਨ੍ਹਾਂ ਤਿੰਨਾਂ ਮਹਾਂਪੁਰਖਾਂ ਦੀ ਗਵਾਹੀ, ਗੁਰਬਾਣੀ ਵਿਚ ਕਈ ਵਾਰ ਭਰੀ ਗਈ ਹੈ। ਜ਼ਾਹਿਰ ਹੈ ਕਿ ਇਹ ਸਾਰੇ ਰਿਖੀ ਮੁਨੀ, ਤਪੱਸਵੀ, ਪ੍ਰਭੂ ਦਾ ਨਾਮ ਸਿਮਰਦੇ ਰਹੇ ਹਨ।

**ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ**
**ਤੂ ਆਪੇ ਹੀ ਜਾਨਹਿ ਆਪਨੀ ਭਾਂਤਿ ॥੧॥**

-- ਹੇ ਹਰੀ ਪ੍ਰਭੂ ਤੂੰ ਬੇਅੰਤ ਹੈਂ, ਹੇ ਹਰੀ ਪ੍ਰਭੂ ਤੂੰ ਬੇਅੰਤ ਹੈਂ, ਹੇ ਹਰੀ ਪਰਮੇਸ਼ਰ, ਤੂੰ ਹੀ ਮਾਲਕ ਹੈਂ। ਤੂੰ ਹੀ ਆਪਣੀ ਗਤਿ ਮਿਤਿ, ਆਪਣੇ ਢੰਗਾਂ ਨੂੰ ਜਾਣਦਾ ਹੈਂ, ਭਾਵ, ਹੋਰ ਕੋਈ ਨਹੀਂ ਜਾਣਦਾ।੧।

ਆਪ ਜੀ ਨੇ, ਪੰਨਾ ੧੧ ਤੇ ਵੀ ਫ਼ੁਰਮਾਣ ਕੀਤਾ ਹੈ ਕਿ ਪਾਰਬ੍ਰਹਮ ਬੇਅੰਤ ਹੈ ਬੇਅੰਤ ਹੈ, ਉਸ ਦੇ ਗੁਣ ਕੋਈ ਕਹਿ ਕੇ ਬਿਆਨ ਕਰ ਕੇ ਨਹੀਂ ਦਸ ਸਕਦਾ - 'ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ।।' ਪੰਜਵੇਂ ਪਾਤਸ਼ਾਹ, ਪੰਨਾ ੨੪੮ ਤੇ, ਫ਼ੁਰਮਾਣ ਕਰਦੇ ਹਨ ਕਿ ਉਸ ਸਚੇ ਪੁਰਖ ਮੁਰਾਰੀ ਗੁਰੂ ਦੇ ਗੁਣ ਬੇਅੰਤ ਹਨ, ਬਿਆਨ ਨਹੀਂ ਹੋ ਸਕਦੇ - 'ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ।।', ਇਥੇ ਗੁਰੂ ਨੂੰ ਹੀ ਪਰਮੇਸ਼ਰ ਰੂਪ ਪੁਰਖ ਮੰਨਿਆ ਹੈ ਜਿਸਨੇ ਸ੍ਰੀ ਕ੍ਰਿਸ਼ਨ ਰੂਪ ਹੋ ਕੇ ਮੁਰ ਰਾਖਸ਼ ਨੂੰ ਮਾਰਿਆ। ਸੰਬੋਧਨ ਅਕਾਲ ਪੁਰਖ ਨੂੰ ਹੈ। ਪਾਤਸ਼ਾਹ, ਪ੍ਰਭੂ ਨੂੰ ਬੇਅੰਤ, ਅਥਾਹ ਸੁਆਮੀ ਮਾਲਕ ਵੀ ਦਸਦੇ ਹਨ ਅਤੇ ਉਸ ਦਾ ਸਿਮਰਣ ਕਰ ਕਰ ਕੇ ਜਿਉਣ ਬਾਰੇ ਬਚਨ ਹਨ - 'ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ।।', ਪੰਨਾ ੯੯.

ਪੰਨਾ ੨੦੮ ਤੇ, ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਦੀ ਗਤੀ ਵਾਹਗੁਰੂ ਹੀ ਜਾਣਦਾ ਹੈ, ਹੋਰ ਉਸ ਤੋਂ ਇਲਾਵਾ ਉਸ ਦੇ ਉਹ ਸੇਵਕ, ਭਾਵ, ਸਾਧੂ ਸੰਤ ਜਾਣਦੇ ਹਨ ਜਿਨ੍ਹਾਂ ਦੇ ਮਥੇ ਤੇ ਅਜਿਹੇ ਭਾਗ ਲਿਖੇ ਗਏ ਹੋਣ - 'ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ।।'

**ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ**
**ਤੇ ਹਰਿ ਕੇ ਜਨ ਸਾਧੂ ਹਰਿ ਭਗਾਤ ॥**

-- ਹਰੀ ਪ੍ਰਭੂ ਦੇ ਜਨ ਮਨੁਖ, ਸਾਧੂ, ਹਰੀ ਦੇ ਭਗਤ, ਹਰੀ ਪ੍ਰਭੂ ਦੇ ਕੋਲ, ਹਰੀ ਪ੍ਰਭੂ ਉਨ੍ਹਾਂ ਦੇ ਕੋਲ, ਉਹ ਹਰੀ ਪਰਮੇਸ਼ਰ ਦੇ ਨਿਕਟ ਹੀ ਵਸਦੇ ਹਨ।

ਸ੍ਰੀ ਗੁਰੂ ਅਮਰਦਾਸ ਜੀ, ਪੰਨਾ ੩੨ ਤੇ, ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਦੇ ਸੰਤ ਜਨ ਉਸ ਦੇ ਘਰ ਹੀ ਖਲੋ ਕੇ ਉਸ ਦੀ ਅਰਾਧਨਾ ਕਰਦੇ ਹਨ ਅਤੇ ਉਸ ਗੁਣਾਂ ਦੇ ਖਜ਼ਾਨੇ ਨੂੰ ਪ੍ਰਾਪਤ ਹੁੰਦੇ ਹਨ - 'ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ।।' ਸ੍ਰੀ ਗੁਰੂ ਅਰਜਨ ਸਾਹਿਬ ਤਾਂ, ਪੰਨਾ ੧੦੦ ਤੇ, ਇਥੋਂ ਤਕ ਬਚਨ ਕਰਦੇ ਹਨ ਕਿ ਸੰਤ ਜਨ, ਗੋਪਾਲ ਪ੍ਰਭੂ ਦੇ ਇਤਨੇ ਕੋਲ ਵਸਦੇ ਹਨ ਕਿ ਉਸ ਨਾਲ ਕੇਲ ਕਰਦੇ ਅਨੰਦ ਮਾਣਦੇ ਹਨ। ਉਸ ਦੇ ਸੰਤ ਉਸ ਨੂੰ ਬਹੁਤ ਪਿਆਰੇ ਹਨ ਅਤੇ ਉਹ ਸੰਤਾਂ ਦੀ ਜਿੰਦ ਜਾਨ ਹੈ, ਭਾਵ, ਅਤਿਅੰਤ ਪਿਆਰਾ ਹੈ - 'ਸੰਤ ਖੇਲਹਿ ਤੁਮ ਸੰਗਿ ਗੋਪਾਲਾ।। ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂੰ ਸੰਤਨ ਕੇ ਪ੍ਰਾਨਾ ਜੀਉ।।'

ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ
ਨਾਨਕ ਸਲਲੈ ਸਲਲ ਮਿਲਾਤਿ ॥੨॥੧॥੮॥

- - ਉਹ ਹਰੀ ਪ੍ਰਭੂ ਦੇ ਜਨ, ਸਿਰਫ਼ ਇਤਨਾ ਹੀ ਨਹੀਂ ਕਿ ਉਸਦੇ ਨਿਕਟ ਵਸਦੇ ਹਨ, ਸਗੋਂ ਹਰੀ ਪਰਮੇਸ਼ਰ ਦੇ ਜਨ, ਹਰੀ ਪ੍ਰਭੂ ਨਾਲ ਇੰਵ ਮਿਲ ਜਾਂਦੇ ਹਨ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।੨।੧।੮।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੦੩੧ ਤੇ ਫ਼ੁਰਮਾਣ ਕਰਦੇ ਹਨ ਕਿ ਗੁਰੂ ਵਰਗਾ ਕੋਈ ਬੇਲੀ ਮਿਤਰ ਨਹੀਂ, ਉਹ ਇਥੇ ਤੇ ਉਥੇ ਉਹ ਪ੍ਰਭੂ ਰੂਪ ਵਿਚ ਰਾਖਾ ਹੈ, ਉਸ ਦੀ ਕਿਰਪਾ ਨਾਲ ਉਹ ਰਾਮ ਦਾ ਨਾਮ ਬਖਸ਼ ਦਿੰਦਾ ਹੈ ਅਤੇ **ਇਸ ਢੰਗ ਨਾਲ**, ਉਹ ਆਪਣੇ ਨਾਲ ਇੰਵ ਮਿਲਾ ਲੈਂਦਾ ਹੈ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ - 'ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ।।' ਨੌਂਵੇਂ ਪਾਤਸ਼ਾਹ ਨੇ ਵੀ ਗੁਰੂ ਦੀ ਕਿਰਪਾ ਨਾਲ ਅਜਿਹੀ ਇਕਮਿਕਤਾ ਦੀ ਪ੍ਰਾਪਤੀ ਦੀ ਗਲ ਕੀਤੀ ਹੈ - 'ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।। ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।', ਪੰਨਾ ੬੩੩.

ਇਹੋ ਜਿਹੇ, ਉਸ ਨਾਲ ਇਕ ਮਿਕ ਹੋਇਆਂ ਨੂੰ ਵੀ 'ਹਰਿ' 'ਨਾਰਾਇਣ' 'ਸੁਆਮੀ' 'ਰਮਈਆ' ਆਦਿ ਕਹਿਣ ਤੇ ਦੁਨੀਆਂ ਨੂੰ ਆਪੱਤੀ ਹੁੰਦੀ ਰਹੀ ਹੈ ਅਤੇ ਹੁੰਦੀ ਰਹੇਗੀ।

ਭਗਤ ਕਬੀਰ ਜੀ ਨੇ ਵੀ ਆਪਣੀ ਅਜਿਹੀ ਅਵੱਸਥਾ ਦਾ ਜ਼ਿਕਰ ਕਰਦਿਆਂ ਫ਼ੁਰਮਾਣ ਕੀਤਾ ਹੈ ਕਿ ਹੁਣ ਉਹ ਪ੍ਰਭੂ ਦੇ ਸਿੰਘਾਸਣ ਤੇ ਚੜ੍ਹ ਗਏ ਹਨ, ਪਪੀਹੇ ਨੂੰ ਜਿਵੇਂ ਪਾਣੀ ਮਿਲ ਜਾਂਦਾ ਹੈ, ਰਾਮ ਅਤੇ ਕਬੀਰ ਇੰਞ ਇਕ ਹੋ ਗਏ ਹਨ ਕਿ ਕੋਈ ਪਛਾਣ ਹੀ ਨਹੀਂ ਸਕਦਾ ਕਿ ਕਬੀਰ ਕੌਣ ਹੈ ਤੇ ਰਾਮ ਕੌਣ - 'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ।। ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।।', ਪੰਨਾ ੯੬੯. ਭਗਤ ਨਾਮਦੇਵ ਜੀ ਨੇ ਵੀ, ਪੰਨਾ ੧੧੬੬ ਤੇ, ਆਪਣੀ ਅਜਿਹੀ ਇਕਮਿਕਤਾ ਦਾ ਬਿਆਨ ਕੀਤਾ ਹੈ - 'ਨਾਮੇ ਨਾਰਾਇਨ ਨਾਹੀ ਭੇਦੁ।।' ਭਗਤ ਰਵਿਦਾਸ ਜੀ ਨੇ, ਪੰਨਾ ੯੩ ਤੇ, ਆਪਣੀ ਇਸ ਇਕਮਿਕਤਾ ਦਾ ਬਿਆਨ ਇੰਞ ਕੀਤਾ ਹੈ - 'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ।।', ਭਾਵ ਤੇਰੇ ਮੇਰੇ ਅਤੇ ਮੇਰੇ ਤੇਰੇ ਵਿਚ ਕੋਈ ਅੰਤਰ ਨਹੀਂ, ਜਿਵੇਂ ਸੋਨੇ ਅਤੇ ਸੋਨੇ ਦੇ ਕੜੇ ਅਤੇ ਪਾਣੀ ਤੇ ਲਹਿਰ ਵਿਚ ਕੋਈ ਭੇਦ ਨਹੀਂ। ਸੋ ਜਦੋਂ ਨਿਰਗੁਣ ਹਰੀ, ਆਪਣੇ ਆਪ ਨੂੰ ਰੂਪ ਦਿੰਦਾ ਹੈ ਤਾਂ ਆਪਣਾ ਜਨ ਬਣਾ ਦਿੰਦਾ ਹੈ। ਹੁੰਦੇ ਉਹ ਇਕ ਹੀ ਹਨ। ਨੌਵੇਂ ਪਾਤਸ਼ਾਹ ਨੇ, ਪੰਨਾ ੧੪੨੮ ਤੇ, ਇਸ ਨੂੰ ਇੰਞ ਬਿਆਨ ਕੀਤਾ ਹੈ - 'ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।।', ਭਾਵ, ਇਹ ਸਚ ਮੰਨ ਲੈ ਕਿ ਹਰੀ ਅਤੇ ਹਰੀ ਦੇ ਜਨ ਵਿਚ ਕੋਈ ਅੰਤਰ ਨਹੀਂ।

18.8.2020